# ਬਹੁਤੇ ਸ਼ਬਦਾਂ ਲਈ ਇੱਕ ਸ਼ਬਦ

| | |
|---|---|
| 1. ਜਿਹੜਾ ਮਨੁੱਖ ਕਿਸੇ ਨਾਲ਼ ਪੱਖ-ਪਾਤ ਨਾ ਕਰੇ | ਨਿਰਪੱਖ |
| 2. ਜਿਹੜੇ ਮਨੁੱਖ ਇੱਕੋ ਸਮੇਂ ਹੋਏ ਹੋਣ | ਸਮਕਾਲੀ |
| 3. ਜਿਹੜਾ ਦੇਸ ਨਾਲ਼ ਗੱਦਾਰੀ ਕਰੇ | ਦੇਸ-ਧ੍ਰੋਹੀ / ਗੱਦਾਰ |
| 4. ਜਿਹੜਾ ਬਹੁਤੀਆਂ ਗੱਲਾਂ ਕਰਦਾ ਹੋਵੇ | ਗਾਲ੍ਹੜੀ |
| 5. ਜਿਹੜੇ ਗੁਣ ਜਾਂ ਔਗਣ ਜਨਮ ਤੋਂ ਹੋਣ | ਜਮਾਂਦਰੂ |
| 6. ਜਿਹੜਾ ਬੱਚਾ ਘਰ ਵਿੱਚ ਸਭ ਤੋ ਪਹਿਲਾ ਜਨਮਿਆ ਹੋਵੇ | ਜੇਠਾ / ਪਲੇਠਾ |
| 7. ਜਿਸ ਨੇ ਧਰਮ ਜਾਂ ਦੇਸ ਲਈ ਜਾਨ ਕੁਰਬਾਨ ਕੀਤੀ ਹੋਵੇ | ਸ਼ਹੀਦ |
| 8. ਜਿਸ ਨੂੰ ਸਾਰੇ ਪਿਆਰ ਕਰਦੇ ਹੋਣ | ਹਰਮਨ ਪਿਆਰਾ |
| 9. ਜਿਸ ਸ਼ਬਦ ਦੇ ਅਰਥ ਹੋਣ | ਸਾਰਥਕ |
| 10. ਜਿਸ ਸ਼ਬਦ ਦੇ ਕੋਈ ਅਰਥ ਨਾ ਨਿਕਲਦੇ ਹੋਣ | ਨਿਰਾਰਥਕ |
| 11. ਜਿਸ ਨੂੰ ਕਿਹਾ ਜਾਂ ਬਿਆਨ ਨਾ ਕੀਤਾ ਜਾ ਸਕਦਾ ਹੋਵੇ | ਅਕਹਿ |
| 12. ਜਿਸ ਉੱਤੇ ਕਹੀ ਗੱਲ਼ ਦਾ ਉੱਕਾ ਅਸਰ ਨਾ ਹੁੰਦਾ ਹੋਵੇ | ਢੀਠ / ਬੇਅਸਰ |
| 13. ਜਦੋਂ ਲੰਬਾ ਸਮਾਂ ਮੀਂਹ ਨਾ ਪਵੇ ਜਾਂ ਮੀਂਹ ਦੀ ਘਾਟ ਹੋਵੇ | ਔੜ / ਸੋਕਾ |
| 14. ਜੋ ਦੂਸਰਿਆਂ ਦਾ ਭਲਾ ਕਰੇ | ਪਰਉਪਕਾਰੀ |
| 15. ਜਿੱਥੇ ਰੁਪਏ, ਪੈਸੇ ਜਾਂ ਸਿੱਕੇ ਬਣਾਏ ਜਾਣ | ਟਕਸਾਲ |
| 16. ਜੋ ਸਹਿਣ ਨਾ ਕੀਤਾ ਜਾ ਸਕਦਾ ਹੋਵੇ | ਅਸਹਿ |
| 17. ਜੋ ਪੈਸਾ ਕੋਲ ਹੁੰਦਿਆਂ ਹੋਇਆਂ ਵੀ ਜਰੂਰੀ ਖਰਚ ਨਾ ਕਰੇ | ਕੰਜੂਸ |
| 18. ਜੋ ਬੇ-ਮਤਲਬ ਖਰਚ ਕਰੇ | ਖਰਚੀਲਾ |
| 19. ਜੋ ਆਪ ਨਾਲ਼ ਬੀਤੀ ਹੋਵੇ | ਹੱਡਬੀਤੀ |
| 20. ਜੋ ਦੁਨੀਆ ਨਾਲ਼ ਬੀਤੀ ਹੋਵੇ | ਜੱਗਬੀਤੀ |
| 21. ਪਿੰਡ ਦੇ ਝਗੜਿਆਂ ਦਾ ਫੈਸਲਾ ਕਰਨ ਵਾਲੀ ਸਭਾ | ਪੰਚਾਇਤ |
| 22. ਪੈਦਲ ਸਫਰ ਕਰਨ ਵਾਲ਼ਾ | ਪਾਂਧੀ |
| 23. ਪਿਉ-ਦਾਦੇ ਦੀ ਗੱਲ਼ | ਪਿਤਾ-ਪੁਰਖੀ |
| 24. ਨਾਟਕ ਜਾਂ ਫਿਲਮ ਦੇਖਣ ਵਾਲ਼ਾ | ਦਰਸ਼ਕ |
| 25. ਭਾਸ਼ਣ ਜਾਂ ਗੀਤ-ਸੰਗੀਤ ਸੁਣਨ ਵਾਲ਼ਾ | ਸ੍ਰੋਤਾ |
| 26. ਨਾਟਕ ਲਿਖਣ ਵਾਲ਼ਾ | ਨਾਟਕਕਾਰ |
| 27. ਨਾਵਲ ਲਿਖਣ ਵਾਲ਼ਾ | ਨਾਵਲਕਾਰ |
| 28. ਯੋਧਿਆਂ ਦੀ ਮਹਿਮਾ ਵਿੱਚ ਲਿਖੀ ਗਈ ਬਿਰਤਾਂਤਿਕ ਕਵਿਤਾ | ਵਾਰ |
| 29. ਕਿਸੇ ਨੂੰ ਲਾ ਕੇ ਕਹੀ ਗੱਲ | ਮਿਹਣਾ,ਟਕੋਰ,ਚੋਬ |
| 30. ਲੜਾਈ ਵਿੱਚ ਨਿਡਰਤਾ ਨਾਲ਼ ਲੜਨ ਵਾਲ਼ਾ | ਸੂਰਮਾ |
| 31. ਲੋਕਾਂ ਨੂੰ ਵਿਆਜ ਉੱਤੇ ਰੁਪਈਏ ਦੇਣ ਵਾਲ਼ਾ ਵਿਅਕਤੀ | ਸ਼ਾਹੂਕਾਰ |
| 32. ਲੱਕੜਾਂ ਕੱਟਣ ਵਾਲ਼ਾ | ਲੱਕੜਹਾਰਾ |
| 33. ਲੋਕਾਂ ਦੇ ਪ੍ਰਤੀਨਿਧਾਂ ਦੀ ਕਨੂੰਨ ਬਣਾਉਣ ਵਾਲ਼ੀ ਸਭਾ | ਲੋਕ-ਸਭਾ |
| 34. ਸਾਰਿਆਂ ਦੀ ਸਾਂਝੀ ਰਾਏ | ਸਰਬ-ਸੰਮਤੀ |
| 35. ਭਾਰਤ ਦਾ ਵਸਨੀਕ | ਭਾਰਤੀ |
| 36. ਪੰਜਾਬ ਦਾ ਵਸਨੀਕ | ਪੰਜਾਬੀ |